## ਦਾਨ ਦੀਆਂ ਰਸੀਦਾਂ

ਇੱਕ ਦਾਨੀ ਵਜੋਂ ਤੁਹਾਨੂੰ ਇਹ ਗੱਲ ਪੱਕੀ ਕਰਨੀ ਚਾਹੀਦੀ ਹੈ ਕਿ ਤੁਹਾਡੀ ਰਸੀਦ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣ:

- ਇੱਕ ਬਿਆਨ ਕਿ ਰਸੀਦ "ਆਮਦਨ ਕਰ ਦੇ ਮਕਸਦ ਲਈ ਮਨਜ਼ੂਰਸ਼ੁਦਾ ਰਸੀਦ" ਹੈ;
- ਤੁਹਾਡਾ ਨਾਮ ਅਤੇ ਪਤਾ;
- ਪਰਉਪਕਾਰੀ ਅਦਾਰੇ ਦਾ ਬਿਜ਼ਨਸ ਨੰਬਰ (ਬੀ.ਐੱਨ.)/ ਰਜਿਸਟ੍ਰੇਸ਼ਨ ਨੰਬਰ;
- ਨਕਦ ਦਾਨ ਦੀ ਰਾਸ਼ੀ ਜਾਂ ਜੇ ਦਾਨ ਨਕਦ ਨਹੀਂ ਹੈ ਤਾਂ ਦਾਨ ਦੀ ਵਾਜਬ ਬਾਜ਼ਾਰੀ ਕੀਮਤ;
- ਦਾਨ ਦੀ ਤਾਰੀਖ਼ (ਨਕਦ ਦਾਨਾਂ ਲਈ ਸਾਲ ਹੀ ਕਾਫ਼ੀ ਹੈ);
- ਸੀ.ਆਰ.ਏ. ਦਾ ਨਾਮ ਅਤੇ ਵੈੱਬਸਾਈਟ ਦਾ ਪਤਾ (www.cra.gc.ca/charities); ਅਤੇ
- ਖਾਸ ਲੜੀਵਾਰ ਅੰਕ।

ਜ਼ਰੂਰੀ ਨਹੀਂ ਕਿ ਸਾਰੇ ਪਰਉਪਕਾਰੀ ਦਾਨਾਂ ਲਈ ਤੁਸੀਂ ਚਲੰਤ ਸਾਲ ਦੀ ਇਨਕਮ ਟੈਕਸ ਰਿਟਰਨ ਵਿੱਚ ਹੀ ਦਾਅਵਾ ਕਰਨਾ ਹੈ। ਅਗਲੇ 5 ਸਾਲਾਂ ਵਿੱਚ ਤੁਸੀਂ ਕਦੀ ਵੀ ਉਨ੍ਹਾਂ ਲਈ ਦਾਅਵਾ ਕਰ ਸਕਦੇ ਹੋ।




*"ਦਾਨ ਦੇਣ ਤੋਂ ਪਹਿਲਾਂ ਪੁੱਛ ਲਵੋ"*

## ਬ੍ਰਿਟਿਸ਼ ਕੋਲੰਬੀਆ ਵਿੱਚ ਵਧੇਰੇ ਜਾਣਕਾਰੀ ਲਈ ਕਾਲ ਕਰੋ:

**ਬੀ.ਸੀ. ਹੈਲਥ ਐਂਡ ਸੀਨੀਅਰਜ਼ ਇਨਫਰਮੇਸ਼ਨ ਲਾਈਨ**
ਟੌਲ ਫ੍ਰੀ 1-800-465-4911
ਸੋਮਵਾਰ ਤੋਂ ਸ਼ੁਕਰਵਾਰ
8:30 ਵਜੇ ਸਵੇਰ ਤੋਂ 4:30 ਵਜੇ ਸ਼ਾਮ

**ਵਿਕਟਿਮਲਿੰਕ (VictimLink):**
ਟੌਲ ਫ੍ਰੀ 1-800-563-0808
24 ਘੰਟੇ, ਹਫ਼ਤੇ ਦੇ 7 ਦਿਨ

ਜੇ ਤੁਸੀਂ ਸਮਝਦੇ ਹੋ ਕਿ ਕੋਈ ਬੇਈਮਾਨੀ ਨਾਲ ਧਨ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਸੰਪਰਕ ਕਰੋ:

**ਕ੍ਰਾਈਮ ਸਟਾਪਰਜ਼ (Crime Stoppers):**
1-800-222-TIPS (8477)

**ਫੋਨਬਸਟਰਜ਼ (PhoneBusters):**
1-888-495-8501

ਦਾਨ ਦੇਣ ਤੋਂ ਪਹਿਲਾਂ
ਅਸਲੀਅਤ ਪਤਾ ਕਰ ਲਓ

**www.gov.bc.ca/seniors**

British Columbia
The Best Place on Earth

Canada Revenue Agency | Agence du revenu du Canada
Canada

## ਪਰਉਪਕਾਰੀ ਸੰਸਥਾਵਾਂ ਨੂੰ ਦਾਨ ਦੇਣਾ

# ਦਾਨ ਦੇਣ ਤੋਂ ਪਹਿਲਾਂ ਅਸਲੀਅਤ ਪਤਾ ਕਰ ਲਓ



Donating to Charities - Punjabi


British Columbia
The Best Place on Earth

Canada Revenue Agency | Agence du revenu du Canada
Canada

## ਪਰਉਪਕਾਰੀ ਸੰਸਥਾਵਾਂ ਨੂੰ ਦਾਨ ਦੇਣਾ

ਬਹੁਤੇ ਪਰਉਪਕਾਰੀ ਅਦਾਰੇ ਇਮਾਨਦਾਰ ਹਨ। ਪਰ ਕਈ ਲੋਕ ਅਜਿਹੇ ਹਨ ਜਿਹੜੇ ਪਰਉਪਕਾਰ ਲਈ ਪੈਸਾ ਇਕੱਠਾ ਕਰਨ ਦਾ ਢੌਂਗ ਰਚਾ ਕੇ ਪੈਸਾ ਰੱਖ ਆਪਣੇ ਲਈ ਲੈਂਦੇ ਹਨ।

ਤੁਹਾਡੇ ਨਾਲ ਡਾਕ, ਈ-ਮੇਲ, ਫੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਖੁਦ ਮਿਲਿਆ ਜਾ ਸਕਦਾ ਹੈ। ਇੱਕ ਵਾਰੀ ਦਾਨ ਦਿੱਤਾ ਗਿਆ ਹੋਵੇ, ਫਿਰ ਉਸ ਨੂੰ ਵਾਪਸ ਲੈਣ ਲਈ ਤੁਸੀਂ ਬਹੁਤਾ ਕੁਝ ਨਹੀਂ ਕਰ ਸਕਦੇ।

## ਦਾਨ ਦੇਣ ਤੋਂ ਪਹਿਲਾਂ ਸਵਾਲ ਪੁੱਛੋ

ਬਹੁਤ ਸਾਰੇ ਸਵਾਲ ਪੁੱਛਣ ਲੱਗੇ, ਜਾਂ ਇਹ ਕਹਿਣ ਲੱਗੇ ਘਬਰਾਓ ਨਾ ਕਿ "*ਨਹੀਂ ਜੀ, ਅਸੀਂ ਨਹੀਂ ਦਾਨ ਦੇਣਾ*"।

- ਪਰਉਪਕਾਰੀ ਸੰਸਥਾ ਕੀ ਕੰਮ ਕਰਦੀ ਹੈ, ਅਤੇ ਕਿਸ ਜਗ੍ਹਾ ਤੇ?
- ਪਰਉਪਕਾਰੀ ਸੰਸਥਾ ਦਾ ਰਜਿਸਟਰੇਸ਼ਨ ਨੰਬਰ ਕਿੰਨ੍ਹਾ ਹੈ?
- ਕੀ ਮੈਨੂੰ ਟੈਕਸ ਲਈ ਰਸੀਦ ਮਿਲੇਗੀ?
- ਮੇਰੇ ਵੱਲੋਂ ਦਿੱਤੇ ਦਾਨ ਦਾ ਕਿੰਨ੍ਹਾ ਹਿੱਸਾ ਦੂਜਿਆਂ ਦੀ ਮਦਦ ਲਈ ਜਾਵੇਗਾ? ਪ੍ਰਸ਼ਾਸਨਿਕ ਕਾਰਜਾਂ ਅਤੇ ਫੰਡਰੇਜ਼ਿੰਗ ਵੱਲ ਕਿੰਨ੍ਹਾ ਲੱਗੇਗਾ?
- ਮੇਰੇ ਦਾਨ ਕਰਨ ਤੋਂ ਪਹਿਲਾਂ ਕੀ ਤੁਸੀਂ ਮੈਨੂੰ ਹੋਰ ਜਾਣਕਾਰੀ ਭੇਜ ਸਕਦੇ ਹੋ?

## ਆਪਣੇ ਆਪ ਨੂੰ ਸੁਰੱਖਿਅਤ ਕਰੋ

- **ਪਰਉਪਕਾਰੀ ਸੰਸਥਾ ਨੂੰ ਜਾਣੋ।** ਦਾਨ ਦੇਣ ਤੋਂ ਪਹਿਲਾਂ ਅਜਿਹੀ ਸੰਸਥਾ ਬਾਰੇ ਜਾਣਕਾਰੀ ਹਾਸਲ ਕਰੋ।
- **ਭਾਵੁਕ ਨਾ ਬਣੋ** ਅਤੇ ਨਾ ਹੀ ਦਬਾਅ ਥੱਲੇ ਆਓ। ਫੈਸਲਾ ਕਰਨ ਤੋਂ ਪਹਿਲਾਂ ਸੋਚਣ ਤੇ ਸਮਾਂ ਲਾਓ। ਸੱਚੀ ਪਰਉਪਕਾਰੀ ਸੰਸਥਾ ਤੁਹਾਡਾ ਦਾਨ ਕਦੀ ਵੀ ਲੈ ਸਕਦੀ ਹੈ।
- **ਸੰਸਥਾਵਾਂ ਨੂੰ ਦਾਨ ਦਿਓ,** ਵਿਅਕਤੀਆਂ ਨੂੰ ਨਹੀਂ।
- **ਨਕਦੀ ਨਾ ਕਦੀ ਦਿਓ, ਨਾ ਭੇਜੋ।** ਚੈੱਕ ਵਰਤੋ ਅਤੇ ਉਨ੍ਹਾਂ ਤੇ ਸੰਸਥਾ ਦਾ ਪੂਰਾ ਨਾਮ ਲਿਖੋ। ਆਪਣੀਆਂ ਸਾਰੀਆਂ ਰਸੀਦਾਂ ਪੜ੍ਹੋ ਅਤੇ ਰੱਖੋ।
- **ਆਪਣੀ ਨਿਜੀ ਜਾਣਕਾਰੀ ਕਦੀ ਨਾ ਦਿਓ।** ਦਾਨ ਦੇਣ ਲਈ ਤੁਹਾਡੇ ਕ੍ਰੈਡਿਟ ਕਾਰਡ ਦੇ ਨੰਬਰ, ਸ਼ੋਸ਼ਲ ਇਨਸ਼ੋਰੈਂਸ ਨੰਬਰ ਅਤੇ ਬੈਂਕ ਖਾਤੇ ਦੀ ਜਾਣਕਾਰੀ ਦੀ ਜ਼ਰੂਰਤ ਨਹੀਂ ਪੈਣੀ ਚਾਹੀਦੀ।
- **ਭੇਖੀਆਂ ਤੋਂ ਬਚੋ।** ਕਈ ਨਾਮ ਤੁਹਾਨੂੰ ਭੁਲੇਖਾ ਪਾਉਣ ਲਈ ਮਸ਼ਹੂਰ ਪਰਉਪਕਾਰੀ ਸੰਸਥਾਵਾਂ ਦੇ ਨਾਮ ਲੱਗਣਗੇ। ਪੱਕਾ ਕਰੋ ਕਿ ਤੁਸੀਂ ਦਾਨ ਕਿਸ ਨੂੰ ਦੇ ਰਹੇ ਹੋ।

**ਤੱਥਾਂ ਦੀ ਪੜਤਾਲ ਕਰੋ।**

## ਵਿਉਂਤ ਨਾਲ ਦਾਨ ਦੇਣਾ

ਪਹਿਲਾਂ ਹੀ ਵਿਉਂਤ ਬਣਾਉਣ ਨਾਲ ਤੁਸੀਂ ਧੋਖਾਧੜੀ ਦੇ ਸ਼ਿਕਾਰ ਹੋ ਜਾਣ ਤੋਂ ਬਚ ਜਾਂਦੇ ਹੋ। ਹੇਠ ਲਿਖੀਆਂ ਗੱਲਾਂ ਤੇ ਵਿਚਾਰ ਕਰਨ ਲਈ ਖੁੱਲ੍ਹਾ ਸਮਾਂ ਲਾਉ:

- ਤੁਸੀਂ ਕਿਨ੍ਹਾਂ ਸੰਸਥਾਵਾਂ ਦੀ ਮਦਦ ਕਰਨੀ ਚਾਹੋਗੇ
- ਤੁਸੀਂ ਕਿਨ੍ਹਾ ਪੈਸਾ ਦਾਨ ਦੇ ਸਕਦੇ ਹੋ
- ਸਾਲ ਦੇ ਕਿਹੜੇ ਸਮੇਂ ਤੁਸੀਂ ਦਾਨ ਦੇਣਾ ਚਾਹੋਗੇ

## ਪਰਉਪਕਾਰੀ ਸੰਸਥਾਵਾਂ ਦੀ ਸੂਚੀ

ਕੈਨੇਡਾ ਰੈਵਿਨੀਊ ਏਜੰਸੀ (ਸੀ.ਆਰ.ਏ.) ਦੀ ਵੈੱਬਸਾਈਟ ਤੇ *ਗਿਵਿੰਗ ਟੂ ਚੈਰੀਟੀਜ਼: ਇਨਫ਼ਰਮੇਸ਼ਨ ਫ਼ਾਰ ਡੋਨਰਜ਼* ਨਾਮ ਦਾ ਇੱਕ ਲਾਭਦਾਇਕ ਵਸੀਲਾ ਹੈ। ਇੱਥੇ ਟੈਕਸਾਂ ਵਿੱਚ ਬਚਤਾਂ, ਦਾਨ ਦੀਆਂ ਰਸੀਦਾਂ, ਪਰਉਪਕਾਰੀ ਸੰਸਥਾਵਾਂ ਨੂੰ ਨੇਮਬੱਧ ਕਰਨ, ਅਤੇ ਇੱਕ ਗਿਆਨਵਾਨ ਦਾਨੀ ਕਿਵੇਂ ਬਣੀਏ, ਬਾਰੇ ਤੱਥ ਦੱਸੇ ਗਏ ਹਨ।

ਤੁਸੀਂ Charities Listings, ਜੋ ਕਿ ਸਭਨਾਂ ਰਜਿਸਟਰਡ ਪਰਉਪਕਾਰੀ ਸੰਸਥਾਵਾਂ ਦੀ ਇੱਕ ਸੂਚੀ ਹੈ, ਪੜ੍ਹ ਸਕਦੇ ਹੋ। ਕਿਸੇ ਖਾਸ ਪਰਉਪਕਾਰੀ ਸੰਸਥਾ ਬਾਰੇ ਤੁਸੀਂ ਸੰਪਰਕ ਜਾਣਕਾਰੀ, ਉਸ ਦੀਆਂ ਸਰਗਰਮੀਆਂ ਦਾ ਇੱਕ ਵੇਰਵਾ, ਅਤੇ ਵਿੱਤੀ ਜਾਣਕਾਰੀ ਹਾਸਲ ਕਰ ਸਕਦੇ ਹੋ।

ਵੇਖੋ ਵੈੱਬਸਾਈਟ **www.cra.gc.ca/donors** (ਅੰਗਰੇਜ਼ੀ ਵਿੱਚ)
**www.arc.gc.ca/donateurs** (ਫ੍ਰੈਂਚ ਵਿੱਚ)

ਜਾਂ ਟੋਲ-ਫ੍ਰੀ ਫ਼ੋਨ ਕਰੋ
**ਕੈਨੇਡਾ ਰੈਵਿਨੀਊ ਏਜੰਸੀ**
1 800 267-2384 (ਅੰਗ੍ਰੇਜ਼ੀ ਵਿੱਚ ਗੱਲ ਕਰਨ ਲਈ) ਜਾਂ
1 888 892-5667 (ਫ੍ਰੈਂਚ ਵਿੱਚ ਗੱਲ ਕਰਨ ਲਈ)